# ਪਸ਼ੂ ਖੁਰਾਕ, ਚਾਰਾ ਉਤਪਾਦਨ ਲਈ ਉੱਦਮੀਆਂ ਲਈ 50 ਲੱਖ ਰੁਪਏ ਤੱਕ ਦੀ ਸਬਸਿਡੀ

ਭਾਰਤ ਸਰਕਾਰ ਦਾ ਰਾਸ਼ਟਰੀ ਪਸ਼ੂ ਧਨ ਮਿਸ਼ਨ (ਐਨ ਐਲ ਐਮ) ਉੱਦਮੀਆਂ ਨੂੰ ਕੁੱਲ ਪ੍ਰੋਜੈਕਟ ਲਾਗਤ ਦੇ 50% (50 ਲੱਖ ਰੁਪਏ ਤੱਕ ਸੀਮਤ) ਤੱਕ ਦੀ ਪੂੰਜੀ ਸਬਸਿਡੀ ਪ੍ਰਦਾਨ ਕਰਕੇ ਪਸ਼ੂ ਖੁਰਾਕ ਅਤੇ ਚਾਰਾ ਉਤਪਾਦਨ ਲਈ ਮਦਦ ਕਰ ਰਿਹਾ ਹੈ। ਸਰਕਾਰ ਦਾ ਅੰਦਾਜ਼ਾ ਹੈ ਕਿ ਇਹ 7 ਲੱਖ ਲੋਕਾਂ ਲਈ ਰੁਜ਼ਗਾਰ ਪੈਦਾ ਕਰੇਗਾ ਅਤੇ ਪਸ਼ੂ ਪਾਲਣ ਵਾਲੇ 20 ਲੱਖ ਪਰਿਵਾਰਾਂ ਨੂੰ ਸਥਾਨਕ ਪੱਧਰ 'ਤੇ ਸਸਤਾ, ਮਿਆਰੀ ਅਤੇ ਪੌਸ਼ਟਿਕ ਚਾਰਾ ਪ੍ਰਾਪਤ ਕਰਨ ਵਿੱਚ ਮਦਦ ਕਰੇਗਾ।

ਖੁਰਾਕ ਅਤੇ ਚਾਰੇ ਦੇ ਵਿਕਾਸ 'ਤੇ ਆਪਣੇ ਉਪ-ਮਿਸ਼ਨ ਦੇ ਤਹਿਤ, ਐਨ ਐਲ ਐਮ ਦਾ ਉਦੇਸ਼ ਚਾਰੇ ਦੇ ਉਤਪਾਦਨ ਲਈ ਲੋੜੀਂਦੇ ਪ੍ਰਮਾਣਿਤ ਚਾਰੇ ਦੇ ਬੀਜਾਂ ਦੀ ਉਪਲਬਧਤਾ ਨੂੰ ਬਿਹਤਰ ਬਣਾਉਣ ਲਈ ਚਾਰਾ ਬੀਜ ਲੜੀ ਨੂੰ ਮਜ਼ਬੂਤ ਅਤੇ ਚਾਰਾ ਬਲਾਕ/ਹੇ ਬੇਲਿੰਗ/ਸਾਈਲੇਜ ਬਣਾਉਣ ਵਾਲੀਆਂ ਇਕਾਈਆਂ ਦੀ ਸਥਾਪਨਾ ਲਈ ਉੱਦਮੀਆਂ ਨੂੰ ਉਤਸ਼ਾਹਿਤ ਕਰਨਾ ਹੈ।

ਇਹ ਸਕੀਮ ਰਾਜ ਦੇ ਪਸ਼ੂ ਪਾਲਣ ਵਿਭਾਗ ਦੀ ਰਾਜ ਲਾਗੂਕਰਨ ਏਜੰਸੀ, ਰਾਜ ਪਸ਼ੂ ਧਨ ਏਜੰਸੀ/ਰਾਜ ਪਸ਼ੂ ਧਨ ਬੋਰਡ ਅਤੇ ਭਾਰਤ ਸਰਕਾਰ ਦੇ ਪਸ਼ੂ ਪਾਲਣ ਅਤੇ ਡੇਅਰੀ ਵਿਭਾਗ ਰਾਹੀਂ ਲਾਗੂ ਕੀਤੀ ਜਾ ਰਹੀ ਹੈ।

### ਸਕੀਮ ਦੇ ਉਦੇਸ਼

- ਫੀਡ ਅਤੇ ਚਾਰੇ ਦੇ ਖੇਤਰ ਵਿੱਚ ਉੱਦਮਤਾ ਦਾ ਵਿਕਾਸ।
- ਫਰੰਟਲਾਈਨ ਤਕਨਾਲੋਜੀ ਪ੍ਰਦਰਸ਼ਨਾਂ ਰਾਹੀਂ ਚਾਰੇ ਦੀਆਂ ਤਕਨੀਕਾਂ ਨੂੰ ਉਤਸ਼ਾਹਿਤ, ਵਿਕਸਿਤ ਅਤੇ ਪ੍ਰਸਾਰ ਕਰਨਾ।

- ਸਥਾਨਕ ਪੱਧਰ 'ਤੇ ਸਸਤੇ ਭਾਅ ਦੇ ਨਾਲ ਮਿਆਰੀ ਚਾਰਾ ਉਪਲਬਧ ਕਰਵਾਉਣਾ।
- ਉੱਦਮੀਆਂ ਦੀ ਪੂਰਤੀ ਲਈ ਸਥਾਨਕ ਕਿਸਾਨਾਂ ਰਾਹੀਂ ਚਾਰੇ ਦੇ ਉਤਪਾਦਨ ਨੂੰ ਉਤਸ਼ਾਹਿਤ ਕਰਨਾ। ਇਸ ਤਰ੍ਹਾਂ ਚਾਰੇ ਦੀ ਵਰਤੋਂ ਨਕਦੀ ਫ਼ਸਲ ਵਜੋਂ ਹੋਵੇਗੀ।

## ਸਕੀਮ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ

- ਲਾਭਪਾਤਰੀਆਂ ਭਾਵ ਨਿੱਜੀ ਉੱਦਮੀਆਂ, ਕਿਸਾਨ ਉਤਪਾਦਕ ਸੰਸਥਾਵਾਂ (ਐਫ ਪੀ ਓ), ਕਿਸਾਨ ਸਹਿਕਾਰੀ ਸਭਾਵਾਂ (ਐਫ ਸੀ ਓ), ਡੇਅਰੀ ਸਹਿਕਾਰੀ ਸਭਾਵਾਂ, ਸੰਯੁਕਤ ਦੇਣਦਾਰੀ ਸਮੂਹ (ਜੇ ਐਲ ਜੀ), ਸਵੈ-ਸਹਾਇਤਾ ਸਮੂਹ (ਐਸ ਐਚ ਜੀ) ਅਤੇ ਸੈਕਸ਼ਨ 8 ਕੰਪਨੀਆਂ ਨੂੰ ਮੁੱਲ ਵਾਧਾ, ਜਿਵੇਂ ਕਿ ਪਰਾਗ/ਸਿਲੇਜ/ਕੁੱਲ ਰਲਵਾਂ ਰਾਸ਼ਨ (ਟੀ ਐਮ ਆਰ)/ਚਾਰੇ ਦੇ ਬਲਾਕ ਅਤੇ ਚਾਰੇ ਦਾ ਭੰਡਾਰਣ, ਕਰਨ ਲਈ ਪ੍ਰਾਜੈਕਟ ਲਾਗਤ ਉੱਤੇ 50% ਪੂੰਜੀ ਸਬਸਿਡੀ ਪ੍ਰਦਾਨ ਕਰਕੇ ਹੁਲਾਰਾ ਦਿੱਤਾ ਜਾਵੇਗਾ। ਇਹ ਪਿੰਡ ਪੱਧਰ 'ਤੇ ਲੋੜ ਅਨੁਸਾਰ ਸੁੱਕਾ ਚਾਰਾ/ਸਾਈਲੇਜ ਨਾਲ ਸਬੰਧਤ ਬੁਨਿਆਦੀ ਢਾਂਚੇ ਦੇ ਵਿਕਾਸ/ਚਾਰਾ ਬਲਾਕ ਬਣਾਉਣ ਵਾਲੀਆਂ ਇਕਾਈਆਂ ਜਿਵੇਂ ਕਿ ਬੇਲਰ, ਬਲਾਕ ਮੇਕਿੰਗ ਮਸ਼ੀਨਾਂ, ਟੀ ਐਮ ਆਰ ਮਸ਼ੀਨਾਂ/ਉਪਕਰਨ, ਚਾਰੇ ਦਾ ਹਾਰਵੈਸਟਰ/ਰੀਪਰ, ਹੈਵੀ ਡਿਊਟੀ ਪਾਵਰ-ਓਪਰੇਟਿਡ ਚੈਫ ਕਟਰ ਅਤੇ ਹੋਰ ਕੋਈ ਵੀ ਪੀ ਐਚ ਟੀ ਉਪਕਰਨਾਂ ਦੀ ਖਰੀਦ ਲਈ ਹੈ।
- ਉੱਦਮੀਆਂ/ਯੋਗ ਸੰਸਥਾਵਾਂ ਨੂੰ ਬਾਕੀ ਰਕਮ ਦਾ ਪ੍ਰਬੰਧ ਬੈਂਕ ਕਰਜ਼ੇ ਜਾਂ ਰਾਸ਼ਟਰੀ ਸਹਿਕਾਰੀ ਵਿਕਾਸ ਨਿਗਮ (ਐਨ ਸੀ ਡੀ ਸੀ) ਜਾਂ ਸਵੈ-ਵਿੱਤ ਰਾਹੀਂ ਕਰਨ ਦੀ ਲੋੜ ਹੁੰਦੀ ਹੈ।
- ਯੋਜਨਾ ਦੇ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਪ੍ਰਾਜੈਕਟ ਦੀ ਬਾਕੀ ਰਕਮ ਲਈ ਯੋਗ ਸੰਸਥਾਵਾਂ ਪਸ਼ੂ ਪਾਲਣ ਬੁਨਿਆਦੀ ਢਾਂਚਾ ਵਿਕਾਸ ਫੰਡ (ਏ ਐਚ ਆਈ ਡੀ ਐਫ) ਦੇ ਤਹਿਤ ਲਾਭ ਵੀ ਲੈ ਸਕਦੀਆਂ ਹਨ।

**ਸਹਾਇਤਾ ਦੀ ਸ਼ੈਲੀ**

- ਦੋ ਕਿਸ਼ਤਾਂ ਵਿੱਚ ਕੁੱਲ 50% ਪੂੰਜੀ ਸਬਸਿਡੀ (50 ਲੱਖ ਰੁਪਏ ਤੱਕ ਸੀਮਤ)। ਸਬਸਿਡੀ ਦੋ ਬਰਾਬਰ ਕਿਸ਼ਤਾਂ ਵਿੱਚ ਦਿੱਤੀ ਜਾਂਦੀ ਹੈ।
- ਪਹਿਲੀ ਕਿਸ਼ਤ ਅਨੁਸੂਚਿਤ ਬੈਂਕ ਜਾਂ ਵਿੱਤੀ ਸੰਸਥਾਵਾਂ ਜਿਵੇਂ ਕਿ ਰਾਸ਼ਟਰੀ ਸਹਿਕਾਰੀ ਵਿਕਾਸ ਨਿਗਮ (ਐਨ ਸੀ ਡੀ ਸੀ) ਰਾਹੀਂ ਭਾਰਤੀ ਛੋਟੇ ਉਦਯੋਗ ਵਿਕਾਸ ਬੈਂਕ (ਸਿਡਬੀ) ਨੂੰ ਜਾਰੀ ਕੀਤੀ ਜਾਂਦੀ ਹੈ, ਜਿਹੜੀ ਕਿ ਉੱਦਮੀ/ਯੋਗ ਸੰਸਥਾਵਾਂ ਦੇ ਖਾਤੇ ਵਿੱਚ ਜਮ੍ਹਾ ਕੀਤੀ ਜਾਂਦੀ ਹੈ। ਰਾਜ ਲਾਗੂਕਰਨ ਏਜੰਸੀ (ਐਸ ਆਈ ਏ) ਵੱਲੋਂ ਪੁਸ਼ਟੀ ਹੋਣ 'ਤੇ ਬੈਂਕ ਲਾਭਪਾਤਰੀ ਨੂੰ ਕਰਜ਼ੇ ਦੀ ਪਹਿਲੀ ਕਿਸ਼ਤ ਜਾਰੀ ਕਰਦਾ ਹੈ। ਲਾਭਪਾਤਰੀ ਪ੍ਰਾਜੈਕਟ ਦੇ ਮੁਕੰਮਲ ਹੋਣ 'ਤੇ ਐਸ ਆਈ ਏ ਰਾਹੀਂ ਪ੍ਰਮਾਣਿਤ ਹੋਣ ਤੋਂ ਬਾਅਦ ਸਿਡਬੀ ਵੱਲੋਂ ਦੂਜੀ ਕਿਸ਼ਤ ਜਾਰੀ ਕਰਨ ਦੇ ਯੋਗ ਹੋਣਗੇ।
- ਸਵੈ-ਵਿੱਤੀ ਪ੍ਰਾਜੈਕਟ ਦੇ ਲਈ ਪ੍ਰਾਜੈਕਟ ਦਾ ਬੈਂਕ ਵੱਲੋਂ ਮੁਲਾਂਕਣ ਕਰਨ ਦੀ ਲੋੜ ਹੁੰਦੀ ਹੈ ਜਿੱਥੇ ਉੱਦਮੀ/ਯੋਗ ਇਕਾਈ ਦਾ ਖਾਤਾ ਹੈ। 50% ਸਬਸਿਡੀ ਦੀ ਪਹਿਲੀ ਕਿਸ਼ਤ ਸਿਡਬੀ ਰਾਹੀਂ ਉਧਾਰ ਦੇਣ ਵਾਲੇ ਬੈਂਕ ਵਿੱਚ ਪ੍ਰਦਾਨ ਕੀਤੀ ਜਾਂਦੀ ਹੈ ਜਿੱਥੇ ਲਾਭਪਾਤਰੀ ਦਾ ਖਾਤਾ ਹੁੰਦਾ ਹੈ।
- ਸਬਸਿਡੀ ਉਦੋਂ ਹੀ ਜਾਰੀ ਕੀਤੀ ਜਾਂਦੀ ਹੈ ਜਦੋਂ ਐਸ ਆਈ ਏ ਵੱਲੋਂ ਤਸਦੀਕ ਕੀਤਾ ਜਾਂਦਾ ਹੈ ਕਿ ਲਾਭਪਾਤਰੀ ਨੇ ਬੁਨਿਆਦੀ ਢਾਂਚੇ ਲਈ ਪ੍ਰਾਜੈਕਟ ਲਈ 25% ਲਾਗਤ ਦਾ ਖਰਚ ਕੀਤਾ ਹੈ। 50% ਸਬਸਿਡੀ ਦੀ ਬਾਕੀ ਰਕਮ ਸਿਡਬੀ ਵੱਲੋਂ ਪ੍ਰਾਜੈਕਟ ਦੇ ਮੁਕੰਮਲ ਹੋਣ ਅਤੇ ਐਸ ਆਈ ਏ ਰਾਹੀਂ ਤਸਦੀਕ ਕਰਨ ਤੋਂ ਬਾਅਦ ਪ੍ਰਦਾਨ ਕੀਤੀ ਜਾਵੇਗੀ।
- ਸਵੈ-ਵਿੱਤੀ ਮੋਡ ਵਿੱਚ ਉੱਦਮਤਾ ਪ੍ਰਾਜੈਕਟ ਦੇ ਤਹਿਤ ਲਾਭ ਲੈਣ ਵਿੱਚ ਦਿਲਚਸਪੀ ਰੱਖਣ ਵਾਲੇ ਉੱਦਮੀ/ਯੋਗ ਸੰਸਥਾਵਾਂ ਨੂੰ ਸਬਸਿਡੀ ਤੋਂ ਇਲਾਵਾ ਪ੍ਰਾਜੈਕਟ ਦੀ ਬਾਕੀ ਲਾਗਤ ਲਈ ਤਿੰਨ ਸਾਲਾਂ ਵਾਸਤੇ ਵੈਧ ਅਨੁਸੂਚਿਤ ਬੈਂਕ ਤੋਂ ਬੈਂਕ ਗਾਰੰਟੀ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ। ਇਹ ਬੈਂਕ ਗਾਰੰਟੀ ਭਾਰਤ ਸਰਕਾਰ ਦੇ ਪਸ਼ੂ ਪਾਲਣ ਅਤੇ ਡੇਅਰੀ ਵਿਭਾਗ ਦੇ ਨਾਮ 'ਤੇ ਪ੍ਰਦਾਨ ਕੀਤੀ ਜਾਂਦੀ ਹੈ।

- ਅਸਲ ਬੈਂਕ ਗਾਰੰਟੀ ਐਸ ਆਈ ਏ ਦੀ ਸੁਰੱਖਿਅਤ ਹਿਰਾਸਤ ਵਿੱਚ ਰੱਖੀ ਜਾਂਦੀ ਹੈ। ਨਾਲ ਹੀ, ਬੈਂਕ ਗਾਰੰਟੀ ਦੀ ਇੱਕ ਕਾਪੀ ਅਤੇ ਘੋਸ਼ਣਾ ਫਾਰਮ ਨੂੰ ਬਿਨੈ-ਪੱਤਰ ਜਮ੍ਹਾ ਕਰਨ 'ਤੇ ਔਨਲਾਈਨ ਪੋਰਟਲ ਵਿੱਚ ਅਪਲੋਡ ਕਰਨ ਜਾਂ ਅਰਜ਼ੀ ਦੇ ਨਾਲ ਨੱਥੀ ਕੀਤੇ ਜਾਣ ਦੀ ਲੋੜ ਹੈ।
- ਕਾਰਜਕਾਰੀ ਪੂੰਜੀ, ਨਿਜੀ ਵਾਹਨ, ਜ਼ਮੀਨ ਦੀ ਖਰੀਦ, ਕਿਰਾਏ ਦੀ ਕੀਮਤ ਅਤੇ ਜ਼ਮੀਨ ਦੀ ਲੀਜ਼ ਲਈ ਕੋਈ ਸਬਸਿਡੀ ਨਹੀਂ ਦਿੱਤੀ ਜਾਂਦੀ ਹੈ।

### ਯੋਗ ਸੰਸਥਾਵਾਂ

ਨਿਜੀ ਵਿਅਕਤੀ, ਕਿਸਾਨ ਉਤਪਾਦਕ ਸੰਸਥਾਵਾਂ (ਐਫ ਪੀ ਓ), ਕਿਸਾਨ ਸਹਿਕਾਰੀ ਸੰਸਥਾਵਾਂ (ਐਫ ਸੀ ਓ), ਡੇਅਰੀ ਸਹਿਕਾਰੀ ਸਭਾਵਾਂ, ਸੰਯੁਕਤ ਦੇਣਦਾਰੀ ਸਮੂਹ (ਜੇ ਐਲ ਜੀ), ਸਵੈ-ਸਹਾਇਤਾ ਸਮੂਹ (ਐਸ ਐਚ ਜੀ) ਅਤੇ ਸੈਕਸ਼ਨ 8 ਕੰਪਨੀਆਂ।

### ਪ੍ਰਾਜੈੱਕਟ ਦੀ ਨਿਗਰਾਨੀ

ਐਸ ਆਈ ਐ ਇਸਦੇ ਸੰਚਾਲਨ ਦੇ ਸਬੰਧ ਵਿੱਚ ਪੂਰਾ ਹੋਣ ਤੋਂ ਬਾਅਦ ਦੋ ਸਾਲਾਂ ਦੀ ਮਿਆਦ ਲਈ ਪ੍ਰਾਜੈੱਕਟ ਦੀ ਨਿਗਰਾਨੀ ਕਰੇਗੀ।

ਸਕੀਮ ਬਾਰੇ ਪੂਰੀ ਜਾਣਕਾਰੀ ਵੈੱਬਸਾਈਟ https://nlm.udyamimitra.in 'ਤੇ ਉਪਲਬਧ ਹੈ।